Tear Here

Sl.No. :

नामांक Roll No.

| | | | | | | |
|---|---|---|---|---|---|---|
| | | | | | | |

No. of Questions – 20
No. of Printed Pages – 07

SS-25-Punjabi Sah.

# उच्च माध्यमिक परीक्षा, 2023
# SENIOR SECONDARY EXAMINATION, 2023
## पंजाबी साहित्य
## PUNJABI SAHITYA

**Time : 3¼ Hours**
**Maximum Marks : 80**

प्रश्न पत्र को खोलने के लिए यहाँ फाड़ें
TEAR HERE TO OPEN THE QUESTION PAPER

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਲਿਖਣ ।

2. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ । ਪ੍ਰਸ਼ਨ ਨੰਬਰ 14 ਤੋਂ 20 ਤਕ ਆਂਤਰਿਕ ਵਿਕਲਪ ਹਨ ।

3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

यहाँ से काटिए

## ਖੰਡ – ੳ

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ :** **[12 × 1 = 12]**

i) 'ਪੰਜਾਬ ਦੇ ਦਰਿਆ' ਕਵਿਤਾ ਦਾ ਕਵੀ ਹੈ :

ੳ) ਭਾਈ ਵੀਰ ਸਿੰਘ ਅ) ਸੁਰਜੀਤ ਪਾਤਰ

ੲ) ਪ੍ਰੋ. ਮੋਹਨ ਸਿੰਘ ਸ) ਪ੍ਰੋ. ਪੂਰਨ ਸਿੰਘ

ii) ਭਾਈ ਵੀਰ ਸਿੰਘ ਦੀ ਕਾਵਿ ਰਚਨਾ ਹੈ :

ੳ) ਗਰੀਬ ਕਿਰਸਾਣ ਅ) ਔੜ

ੲ) ਇਲਮ, ਅਮਲ ਸ) ਧਰਤੀ ਦੇ ਬੋਲ

iii) "ਮੈਂ ਪੰਜਾਬੀ, ਪੰਜਾਬ ਦਾ ਰਹਿਣ ਵਾਲਾ,
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ।"
ਇਹ ਸਤਰਾਂ ਕਿਸ ਕਵੀ ਦੀਆਂ ਹਨ :

ੳ) ਸੁਰਜੀਤ ਪਾਤਰ ਅ) ਧਨੀ ਰਾਮ ਚਾਤ੍ਰਿਕ

ੲ) ਬਾਬੂ ਫੀਰੋਜ਼ਦੀਨ ਸ਼ਰਫ਼ ਸ) ਯਮਲਾ ਜੱਟ

iv) 'ਕਿਤਾਬਾਂ ਤੇ ਕੁੜੀਆਂ ਤੋਂ, ਸੱਖਣੇ ਜੋ ਘਰ ਨੇ ।'
ਇਹਨਾਂ ਸਤਰਾਂ ਵਿੱਚ ਆਏ ਸੱਖਣੇ' ਸ਼ਬਦ ਦਾ ਅਰਥ ਹੈ :

ੳ) ਖਾਲੀ ਅ) ਸੁਖ-ਸਾਂਦ ਵਾਲੇ

ੲ) ਸੋਹਣੇ ਸ) ਸਾਫ਼-ਸੁਥਰੇ

v) ਇਹ ਲਹੂ ਲੋਕਾਂ ਦਾ ਹੈ ਪਾਣੀ ਨਹੀਂ ।
ਏਸ ਦੀ ਸੁਰਖ਼ੀ ਕਦੇ ਜਾਣੀ ਨਹੀਂ ।
ਇਹਨਾਂ ਸਤਰਾਂ ਵਿੱਚ ਆਏ 'ਸੁਰਖ਼ੀ' ਸ਼ਬਦ ਦੇ ਅਰਥ ਹਨ :

ੳ) ਸੁਰਖ਼ੀ ਬਿੰਦੀ ਅ) ਲਾਲੀ, ਦਾਗ

ੲ) ਰੰਗ ਬਿਰੰਗੀ ਸ) ਝਾੜੀ ਬੇਰ

vi) "ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ,
ਬੇਸ਼ਰਮਾਂ ਦਾ ਨੀਵੀਂ ਪਾ ਕੇ ਸਰ ਜਾਂਦਾ ਹੈ ।"
ਇਹ ਸਤਰਾਂ ਕਿਸ ਗ਼ਜ਼ਲ ਵਿੱਚੋਂ ਹਨ :

ੳ) ਆਪਣੀ ਜਾਚੇ ਅ) ਹਰ ਮੋੜ ਤੇ ਸਲੀਬਾਂ

ੲ) ਹੋਰਾਂ ਵਾਂਗੂੰ ਸ) ਕਿਤਾਬਾਂ ਵਰਗੇ ਲੋਕਾਂ

vii) "ਤੂੰ ਭੀ ਬਣ ਗਿਆ ਗਮਾਂ ਦਾ ਗੁਮੰਤਰੀ,

ਓ ! ਮੇਰੇ ਬੇ-ਜ਼ੁਬਾਨ ਢੋਗਿਆ ।"

ਇਹ ਸਤਰਾਂ ਕਿਸ ਨੂੰ ਸੰਬੋਧਨ ਕੀਤੀਆਂ ਗਈਆਂ ਹਨ ?

ੳ) ਸਮਾਜ ਨੂੰ — ਅ) ਬਲਦ ਨੂੰ

ੲ) ਮੂਰਖ ਬੰਦੇ ਨੂੰ — ਸ) ਦੁੱਖਾਂ ਨੂੰ

viii) 'ਗੁੱਡ ਡੀਅਲ' ਕਹਾਣੀ ਦੇ ਕਹਾਣੀਕਾਰ ਹਨ :

ੳ) ਹਰਪ੍ਰੀਤ ਸਿੰਘ ਸੇਖਾ — ਅ) ਗੁਰਦੇਵ ਸਿੰਘ ਰੁਪਾਣਾ

ੲ) ਕੁਲਵੰਤ ਸਿੰਘ ਵਿਰਕ — ਸ) ਅਮਨਪਾਲ ਸਾਰਾ

ix) ਕਹਣੀਕਾਰ ਹਰਪਾਲ ਸਿੰਘ ਲੱਖੀਆਂ ਦੀ ਰਚਨਾ ਹੈ :

ੳ) ਭੂਆ — ਅ) ਪੰਜ ਡਾਲਰ ਦਾ ਨੋਟ

ੲ) ਸੱਚ ਵੀ ਮੁਥਾਜ ਹੈ — ਸ) ਘੜੀ ਤਾਂ ਖਰਾਬ ਹੋ-ਗੀ

x) 'ਕੋਈ ਇੱਕ ਸਵਾਰ' ਕਹਾਣੀ ਦਾ ਮੁੱਖ-ਪਾਤਰ ਹੈ :

ੳ) ਕੁੰਢਾ — ਅ) ਕੇਲੂ

ੲ) ਘੁੱਦੂ — ਸ) ਬਾਰੂ

xi) "ਮਛਟਰਾ ! ਆਵਦੇ ਜਾਣੀ ਤਾਂ ਠੀਕ ਕੀਤਾ ਸੀ । ਬਾਕੀ ਤੂੰ ਜ਼ਿਆਦਾ ਸਿਆਣਾ । ਤੂੰ ਦੱਸ ਠੀਕ ਕੀਤੈ ਮੈਂ ?"

ਇਹ ਵਾਕ ਕਿਸ ਪਾਤਰ ਨੇ ਬੋਲੇ ਹਨ ?

ੳ) ਘੁੱਦੂ ਨੇ — ਅ) ਆਤੂ ਖੋਜੀ ਨੇ

ੲ) ਬਿੱਕਰ ਨੇ — ਸ) ਗੁਰਬੰਤੇ ਸਰਪੰਚ ਨੇ

xii) 'ਕੱਢ ਕਿਤੇ ਬੰਤੀਏ ਅੱਜ ਵੀ ਸੰਦੂਕ 'ਚੋਂ ਇਹ ਸੋਚਦੇ ਜੈਮਲ ਸਿਓਂ ਦੀਆਂ ਅੱਖਾਂ ਦੇ ਕੋਇਆ 'ਚੋਂ ਪਾਣੀ ਸਿੰਮ ਆਇਆ । ਹਉਕਾ ਲੈਂਦਿਆਂ ਉਸ ਚਿੱਤ 'ਚ ਹੀ ਕਿਹਾ, 'ਮਾਰ ਕੇ ਸੁੱਟਗੀ ਬੰਤੀਏ ।'

ਇਹ ਲਾਈਨਾਂ ਕਿਸ ਕਹਾਣੀ ਦੀਆਂ ਹਨ ?

ੳ) ਪੰਜ ਡਾਲਰ ਦਾ ਨੋਟ — ਅ) ਸੱਚ ਵੀ ਮੁਥਾਜ ਹੈ

ੲ) ਆਪਣਾ - ਆਪਣਾ ਹਿੱਸਾ — ਸ) ਸ਼ਹੀਦ ਦੀ ਮਾਂ

**2. ਹੇਠ ਲਿਖੀਆਂ ਖਾਲੀ ਥਾਂਵਾਂ ਭਰੋ :** **[6 × 1 = 6]**

i) ਪਰ ਪੜ੍ਹ - ਪੜ੍ਹ ਪੁਸਤਕ ......................,
ਮੇਰਾ ਵਧਦਾ ਜਾਏ .............................।

ii) ਕਿੰਨਾ ਗੂੜ੍ਹਾ ਸਾਕ ਹੈ ..........................,
ਕਿੰਨਾ ਗੂੜ੍ਹਾ ਸਾਕ ਹੈ ..........................।

iii) ਚੁਫ਼ੇਰੇ ਲਾਸ਼ਾਂ ਦੀਆਂ ਲਾਸ਼ਾਂ ਵੇਖ ਕੇ ..........................ਗਿਆ ।
ਮਦਨ ਵੀ ਡਰ ਗਿਆ ।

iv) ਖਾਈਏ ਮਨ-ਭਾਉਂਦਾ, ਪਹਿਨੀਏ .......................... ।

v) .......... ਦੀ ਮੌਤ, ................. ਦਾ ਹਾਸਾ ।

vi) ਵੀਭਤਸ ਰਸ ਦਾ ਸਥਾਈ ਭਾਵ ................. ਹੈ ।

**3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[12 × 1 = 12]**

i) 'ਖੜ੍ਹਾ-ਸਾਈਕਲ' ਕਵਿਤਾ ਅਨੁਸਾਰ ਕੋਈ ਭੁੱਲਿਆ ਘਰ ਕਿਵੇਂ ਪਰਤ ਆਉਂਦਾ ਹੈ ?

ii) 'ਈਨ ਮੰਨਣੀ' ਮੁਹਾਵਰੇ ਦਾ ਅਰਥ ਲਿਖੋ ।

iii) 'ਨੱਕ ਵਿਚ ਦਮ ਕਰਨਾ' ਮੁਹਾਵਰੇ ਦਾ ਵਾਕ ਬਣਾ ਕੇ ਅਰਥ ਸਪੱਸ਼ਟ ਕਰੋ ।

**(iv-vi) ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ :**

iv) ਜੈਪੁਰ ਅਜਮੇਰ ਉਦੇਪੁਰ ਜੋਧਪੁਰ ਅਤੇ ਕੋਟਾ ਰਾਜਸਥਾਨ ਦੇ ਪ੍ਰਸਿੱਧ ਨਗਰ ਹਨ ।

v) ਮੁੱਖ-ਅਧਿਆਪਕ ਜੀ ਨੇ ਕਿਹਾ ਮੈਂ ਹਮੇਸ਼ਾਂ ਮਿਹਨਤੀ ਅਤੇ ਲਗਨ ਵਾਲੇ ਵਿਦਿਆਰਥੀਆਂ ਦੀ ਕਦਰ ਕਰਦਾ ਹਾਂ ।

vi) ਭੁਪਿੰਦਰ ਸਿੰਘ ਮਿਹਨਤ ਕਰਕੇ ਆਈ ਏ ਐੱਸ ਅਫ਼ਸਰ ਬਣ ਗਿਆ ਹੈ

**(vii-xii) ਵਾਕ ਬੋਧ :**

vii) ਪੰਛੀ ਆਕਾਸ਼ ਵਿੱਚ ਉੱਡ ਰਹੇ ਹਨ । (ਵਾਕ ਵਿੱਚੋਂ ਉਦੇਸ਼ ਚੁਣੋ)

viii) ਪ੍ਰਿਤਪਾਲ ਸਿੰਘ ਫੁੱਟ ਬਾਲ ਖੇਡਦਾ ਹੈ । (ਵਾਕ ਵਿੱਚੋਂ ਕਰਮ ਚੁਣੋ)

ix) ਬੰਗਲਾ ਦੇਸ਼ ਕਦੋਂ ਅਜ਼ਾਦ ਹੋਇਆ ? (ਕਾਰਜ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

x) ਦੇਸ-ਭਗਤਾਂ ਨੂੰ ਸਭ ਸਲਾਹੁੰਦੇ ਹਨ । (ਕਾਰਜ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

xi) ਸ਼ਿਕਾਰੀ ਨੇ ਤੀਰ ਮਾਰਿਆ ਅਤੇ ਪੰਛੀ ਜ਼ਖ਼ਮੀ ਹੋ ਗਿਆ । (ਬਣਤਰ ਦੇ ਆਧਾਰ 'ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

xii) ਸੁਖਵਿੰਦਰ ਨਾਵਲ ਪੜ੍ਹ ਰਹੀ ਹੈ । (ਵਾਕ ਵਿੱਚੋਂ ਕਰਤਾ ਦੱਸੋ)

## ਖੰਡ – ਅ

**(4-13) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[10 × 2 = 20]**

ਪੰਜਾਬੀਆਂ ਨੂੰ ਵੀਰਤਾ ਦੀ ਰੁਚੀ ਵਿਰਾਸਤ ਵਿੱਚ ਮਿਲੀ ਹੈ । ਸ਼ੁਰੂ ਤੋਂ ਹੀ ਇਨ੍ਹਾਂ ਨੂੰ ਭਾਰਤ ਉੱਤੇ ਧਾਵਾ ਕਰਨ ਆਏ ਧਾੜਵੀਆਂ ਨਾਲ ਲੋਹਾ ਲੈਣਾ ਪਿਆ ਹੈ । ਪ੍ਰਦੇਸੀ ਧਾੜਵੀਆਂ ਦੀ ਈਨ ਮੰਨਣੋਂ ਇਨਕਾਰੀ ਪੰਜਾਬੀ ਦੀ ਅਣਖ ਰੋਹ ਵਿੱਚ ਆ ਕੇ ਰਣ-ਭੂਮੀ ਵਿੱਚ ਵੀਰਤਾ ਦੇ ਹੱਥ ਵਿਖਾਉਂਦੀ ਰਹੀ । ਯੂਨਾਨੀਆਂ ਦੇ ਕਾਲ ਤੋਂ ਲੈ ਕੇ ਅੰਗਰੇਜ਼ੀ ਰਾਜ ਦੀ ਸਥਾਪਤੀ ਤੱਕ ਪੰਜਾਬੀਆਂ ਨੂੰ ਆਪਣੇ ਵੈਰੀਆਂ ਵਿਰੁੱਖ ਬੇਅੰਤ ਵਾਰ ਤੇਗਾਂ ਵਾਹੁਣੀਆਂ ਪਈਆਂ ਹਨ । 'ਪੰਜਾਬ ਦੇ ਜਾਇਆਂ ਨੂੰ ਨਿੱਤ ਮੁਹਿੰਮਾਂ' ਕਹਾਵਤ ਇਸ ਗੱਲ ਦੀ ਗਵਾਹੀ ਦਿੰਦੀ ਹੈ । ਪੰਜਾਬੀ ਲੋਕ-ਗੀਤ ਵੀ ਪੰਜਾਬੀਆਂ ਦੀ ਹਜ਼ਾਰਾਂ ਵਰ੍ਹਿਆਂ ਤੋਂ ਤੁਰੀ ਆ ਰਹੀ ਵੀਰ-ਪਰੰਪਰਾ ਨੂੰ ਸਾਂਭੀ ਤੁਰੀ ਆ ਰਹੇ ਹਨ । ਇਨ੍ਹਾਂ ਵਿੱਚ ਪੰਜਾਬੀ ਨਾਇਕ ਹਥਿਆਰਾਂ ਨਾਲ ਲੈਸ, ਨੀਲੇ ਘੋੜਿਆਂ 'ਤੇ ਅਸਵਾਰ, ਰਾਜੇ ਦੀ ਨੌਕਰੀ ਜਾਂ ਦੇਸ ਦੀ ਰੱਖਿਆ ਲਈ ਨਿੱਤ ਨਵੀਆਂ ਮੁਹਿੰਮਾ 'ਤੇ ਸਜ – ਵਿਆਹੀਆਂ ਪਤਨੀਆਂ ਨੂੰ ਵਿਛੋੜਾ ਦੇ ਕੇ ਜਾਂਦੇ ਨਜ਼ਰ ਆਉਂਦੇ ਹਨ ।

**(4-8) ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :**

**4.** ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ ।

**5.** ਪੰਜਾਬੀਆਂ ਨੂੰ ਵੀਰਤਾ ਦੀ ਰੁਚੀ ਕਿੱਥੋਂ ਮਿਲੀ ਹੈ ?

**6.** ਵੀਰ-ਪਰੰਪਰਾ ਅਤੇ ਪੰਜਾਬੀ ਲੋਕ-ਗੀਤਾਂ ਵਿੱਚ ਕੀ ਸੰਬੰਧ ਰਿਹਾ ਹੈ ?

**7.** ਪੈਰ੍ਹੇ ਵਿੱਚੋਂ ਪੰਜਾਬੀ ਵੀਰਤਾ ਨੂੰ ਦਰਸਾਉਣ ਵਾਲੀ ਕਹਾਵਤ ਚੁਣ ਕੇ ਲਿਖੋ ।

**8 .** ਔਖੇ ਸ਼ਬਦਾਂ ਦੇ ਅਰਥ ਲਿਖੋ :

ਵੀਰਤਾ, ਧਾੜਵੀਆਂ, ਤੇਗ਼ਾਂ, ਰਣ-ਭੂਮੀ

**9.** 'ਕਰੁਣਾ ਰਸ' ਦਾ ਸਥਾਈ ਭਾਵ ਤੇ ਉਦਾਹਰਨ ਲਿਖੋ ।

**10.** 'ਸ਼ਹੀਦ ਦੀ ਮਾਂ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ?

**11.** 'ਚੰਗਾ ਹੁੰਦਾ ਹੈ ਉਦਾਸ ਹੋਣਾ' ਕਵਿਤਾ ਦਾ ਕੇਂਦਰੀ ਭਾਵ ਲਿਖੋ ।

**12.** 'ਗ਼ਰੀਬ ਕਿਰਸਾਣ' ਕਵਿਤਾ ਵਿੱਚ ਕਵੀ ਕਿਹੜੀਆਂ ਪੰਜ ਭੈੜੀਆਂ ਆਦਤਾਂ ਛੱਡਣ ਬਾਰੇ ਕਹਿੰਦਾ ਹੈ ?

**13.** 'ਕਿਤਾਬਾਂ ਵਰਗੇ ਲੋਕਾਂ ਨੂੰ' ਗ਼ਜ਼ਲ ਵਿੱਚ ਲੋਕਾਂ ਨੂੰ 'ਕਿਤਾਬਾਂ ਵਰਗੇ' ਕਿਉਂ ਕਿਹਾ ਗਿਆ ਹੈ ?

## ਖੰਡ - ੲ

**(14-17) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[4 × 3 = 12]**

**14.** ਸੌਂ ਜਾ ਮੇਰੇ ਮਾਲਕਾ ਵਰਾਨ ਹੋਈ ਰਾਤ,
ਸੌਂ ਜਾ ਮੇਰੇ ਮਾਲਕਾ ਵੇ ਵਰਤਿਆ ਹਨੇਰ,
ਵੇ ਕਾਲਖਾਂ ’ਚ ਤਾਰਿਆਂ ਦੀ ਡੁੱਬ ਗਈ ਸਵੇਰ;
ਵੇ ਪੱਸਰੀ ਜਹਾਨ ਉੱਤੇ ਮੌਤ ਦੀ ਹਵਾੜ੍ਹ;
ਵੇ ਖਿੰਡ ਗਈਆਂ ਮਹਿਫਲਾਂ ਤੇ ਛਾ ਗਈ ਉਜਾੜ;
ਵੇ ਜ਼ਿੰਦਗੀ ਖ਼ਮੋਸ਼, ਬੇਹੋਸ਼ ਕਾਇਨਾਤ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
ii) ਉਪਰੋਕਤ ਕਾਵਿ-ਬੰਦ ਦੀ ਸਰਲ-ਵਿਆਖਿਆ ਕਰੋ ।
iii) ਔਖੇ ਸ਼ਬਦਾਂ ਦੇ ਅਰਥ ਲਿਖੋ :
ਵਰਾਨ, ਪੱਸਰੀ, ਹਵਾੜ੍ਹ, ਕਾਇਨਾਤ

ਜਾਂ

ਰਹੀ ਵਾਸਤੇ ਘੱਤ, ‘ਸਮੇਂ’ ਇੱਕ ਨ ਮੰਨੀ ।
ਫੜ ਫੜ ਰਹੀ ਧਰੀਕ, ‘ਸਮੇਂ’ ਖਿਸਕਾਵੀ ਕੰਨੀ ।
ਕਿਵੇਂ ਨਾ ਸੱਕੀ ਰੋਕ, ਅਟਕ ਜੋ ਪਾਈ, ਭੰਨੀ ।
ਤ੍ਰਿੱਖੇ ਆਪਣੇ ਵੇਗ, ਗਿਆ ਟੱਪ ਬੰਨੇ ਬੰਨੀਂ ।
ਹੋ ! ਅਜੇ ਸੰਭਾਲ ਇਸ ਸਮੇਂ ਨੂੰ,
ਕਰ ਸਫਲ ਉਡੰਦਾ ਜਾਂਵਦਾ ।
ਇਹ ਠਹਿਰਣ ਜਾਚ ਨਾ ਜਾਣਦਾ,
ਲੰਘ ਗਿਆ ਨ ਮੁੜ ਕੇ ਆਂਵਦਾ ।

i) ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।
ii) ਉਪਰੋਕਤ ਕਾਵਿ-ਬੰਦ ਦੀ ਸਰਲ-ਵਿਆਖਿਆ ਕਰੋ ।
iii) ਔਖੇ ਸ਼ਬਦਾਂ ਦੇ ਅਰਥ ਲਿਖੋ :
ਧਰੀਕ, ਵੇਗ, ਵਾਸਤੇ ਘੱਤ, ਕੰਨੀ ।

**15.** ‘ਦੁਸ਼ਮਣੀ ਦੀ ਦਾਸਤਾਨ’ ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

ਜਾਂ

‘ਸਭ ਤੋਂ ਖਤਰਨਾਕ’ ਕਵਿਤਾ ਵਿੱਚ ਆਏ ਵਿਚਾਰਾਂ ਨੂੰ ਵਿਸਥਾਰਪੂਰਵਕ ਲਿਖੋ ।

16. 'ਆਪਣਾ-ਆਪਣਾ ਹਿੱਸਾ' ਕਹਾਣੀ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ।

ਜਾਂ

'ਬੇਬੇ ਸੰਤੀ' ਜਾਂ 'ਕੁੰਢੇ' ਦੀ ਪਾਤਰ ਉਸਾਰੀ ਕਰੋ ।

17. ਕਿਸੇ ਇੱਕ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ :

ਹੰਕਾਰਿਆ ਸੋ ਮਾਰਿਆ

ਜਾਂ

ਮਤਲਬੀ ਦੋਸਤ

## ਖੰਡ – ਸ

**(18-20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[3 × 6 = 18]**

18. ਕਿਸੇ ਇੱਕ ਵਿਸ਼ੇ ਉੱਪਰ ਲੇਖ – ਰਚਨਾ ਕਰੋ :

ਮੇਰਾ ਮਨ ਭਾਉਂਦਾ ਅਧਿਆਪਕ

ਜਾਂ

ਮੋਬਾਇਲ ਫ਼ੋਨ ਦੇ ਲਾਭ ਤੇ ਹਾਨੀਆਂ

ਜਾਂ

ਅੱਖੀਂ ਡਿੱਠਾ ਮੇਲਾ

19. ਕਿਸੇ ਇੱਕ ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਤੇ ਤੱਤਾਂ ਦਾ ਵਰਣਨ ਕਰੋ :

ਨਿੱਕੀ ਕਹਾਣੀ

ਜਾਂ

ਗ਼ਜ਼ਲ

20. ਕਿਸੇ ਇੱਕ ਦਾ ਸੰਖੇਪ ਇਤਿਹਾਸ ਲਿਖੋ :

ਨਵ – ਰਹੱਸਵਾਦੀ ਅਤੇ ਰੁਮਾਂਸਵਾਦੀ ਕਾਵਿ ਪ੍ਰਵਿਰਤੀ

ਜਾਂ

ਨਿਬੰਧ

DO NOT WRITE ANYTHING HERE